# ਜਾਤ ਬਰਾਬਰੀ ਦੇ ਪੋਤਸਾਹਨ ਦੇ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਅ

## ਸੁਰੱਖਿਆ ਬਿਊਰੋ

ਸੁਰੱਖਿਆ ਬਿਊਰੋ (SB) ਕਨੂੰਨ ਅਤੇ ਆਦੇਸ਼ ਦੀ ਸੰਭਾਲ, ਇਮੀਗ੍ਰੇਸ਼ਨ ਅਤੇ ਕਸਟਮਜ਼ ਕਾਬੂ ਨੂੰ ਲਾਗੂ ਕਰਨ, ਅਪਰਾਧੀਆਂ ਅਤੇ ਗੈਰ- ਕਨੂੰਨੀ ਤੌਰ 'ਤੇ ਨਸ਼ਾ ਕਰਨ ਵਾਲੇ ਲੋਕਾਂ ਦਾ ਪੁਨਰਵਾਸ ਕਰਨ, ਅਤੇ ਅਪਾਤਕਾਲੀਨ ਅੱਗ ਬੁਝਾਉਣ, ਬਚਾਅ ਸੇਵਾਵਾਂ ਮੁਹੱਈਆ ਕਰਨ ਅਤੇ ਐਂਟੀ-ਡਰੱਗ ਵਰਕ ਸਮੇਤ ਸੁਰੱਖਿਆ - ਸੰਬੰਧਿਤ ਨੀਤੀਆਂ ਦੇ ਲਈ ਜੁੰਮੇਵਾਰ ਹੈ।

SB ਦੇ ਖਤਹਤ 10 ਸਲਾਹਕਾਰੀ ਅਤੇ ਸੰਵੈਧਾਨਿਕ ਸੰਸਥਾਵਾਂ, ਪਾਇਲਟ ਸਕੀਮ ਦਫਤਰ ਅਤੇ ਨੁਮਾਇਸ਼ ਕੇਂਦਰ ਕਈ ਪਖਿਲਕ ਸੇਵਾਵਾਂ ਮੁਹੱਈਆ ਕਰਦੇ ਹਨ, ਜਿੰਨ੍ਹਾਂ ਵਿੱਚ ਹੇਠ ਲਿਖੀਆਂ ਸ਼ਾਮਲ ਹਨ:-

1. ਪਰਸਨਜ਼ ਟ੍ਰਬਿਊਨਲ ਦਾ ਪੰਜੀਕਰਨ
2. ਇਮੀਗ੍ਰੇਸ਼ਨ ਟ੍ਰਬਿਊਨਲ
3. HKSAR ਪਾਸਪੋਰਟਸ ਅਪੀਲ ਬੋਰਡ
4. ਸਿਵਿਨ ਮੈਲੀਬਰੈਂਟ ਆਫ ਮੈਰੇਜਿਸ ਅਪੋਇੰਟਮੈਂਟ ਅਪੀਲ ਬੋਰਡ
5. ਗੈਰ-ਰੀਫਾਊਲਮੈਂਟ ਦਾਅਵੇਦਾਰ ਦੇ ਲਈ ਸਰਕਾਰ ਵੱਲੋਂ ਫੰਡ ਕੀਤੀ ਗਈ ਕਨੂੰਨੀ ਸਹਾਇਤਾ ਦੇ ਪ੍ਰਾਵਧਾਨ ਦੇ ਲਈ ਪਾਇਲਟ ਸਕੀਮ ਦਾ ਦਫਤਰ
6. ਸੁਰੱਖਿਆ ਅਤੇ ਰੱਖਿਆ ਸੇਵਾਵਾਂ ਉਦਯੋਗ ਆਥੋਰਿਟੀ
7. ਲੰਬੀ-ਅਵਧੀ ਦੀ ਕਾਰਾਗਾਰ ਸਜਾਵਾਂ ਦੀ ਸਮੀਖਿਆ ਬੋਰਡ
8. ਰਿਲੀਜ਼ ਅੰਡਰ ਨਿਗਰਾਨੀ ਬੋਰਡ
9. ਰਿਲੀਜ਼ ਦੇ ਬਾਅਦ ਦਾ ਨਿਗਰਾਨੀ ਬੋਰਡ
10. ਹੌਂਗ ਕੌਂਸ ਜੌਕੀ ਕਲੱਬ ਡਰੱਗ ਜਾਣਕਾਰੀ ਕਦਰ

ਜਾਤ ਬਰਾਬਰੀ ਦੇ ਪ੍ਰੋਤਸਾਹਨ ਦੇ ਲਈ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਦੇ ਨਾਲ ਸੰਬੰਧਤ ਪੱਛ-ਗਿੱਛ ਦੇ ਲਈ, ਕਿਰਪਾ ਕਰਕੇ ਸੰਪਰਕ ਕਰੋ Ms. Ella CHOI (ਮੁੱਖ ਕਾਰਜਕਾਰੀ ਅਧਿਕਾਰੀ (ਪ੍ਰਸ਼ਾਸਨ)) ਹੇਠ ਲਿਖੇ ਮਾਧਿਅਮਾਂ ਰਾਹੀਂ --

| | | |
|---|---|---|
| ਟੈਲੀਫੋਨ ਨੰਬਰ | : | 2810 3017 |
| ਫੈਕਸ ਨੰਬਰ | : | 2868 5074 |
| ਈਮੇਲ | : | sbenq@sb.gov.hk |
| ਡਾਕ ਪਤਾ | : | 9th Floor, East Wing, Central Government Offices, 2 Tim Mei Avenue, Tamar, Hong Kong |

**ਸੁਰੱ ਖਿਆ ਬਿਊਰੋ**

**ਮਈ 2024**

*ਪਰਸਨਜ਼ ਟ੍ਰਬਿਊਨਲ ਦਾ ਪੰਜੀਕਰਨ, ਇਮੀਗ੍ਰੇਸ਼ਨ ਟ੍ਰਬਿਊਨਲ, HKSAR ਪਾਸਪੋਰਟਸ ਅਪੀਲ ਬੋਰਡ ਅੱਤੇ ਸਿਵਿਲ ਸੈਲੀਬ੍ਰੈਂਟ ਆਫ ਮੈਰੇਜਿਸ ਅਪੋਇੰਟਮੈਂਟ ਅਪੀਲ ਬੋਰਡ*

| | | |
|---|---|---|
| ਸੰਬੰਧਤ ਸੇਵਾਵਾਂ | ● | ਪਰਸਨਜ਼ ਟ੍ਰਬਿਊਨਲ ਦਾ ਪੰਜੀਕਰਨ, ਇਮੀਗ੍ਰੇਸ਼ਨ ਟ੍ਰਬਿਊਨਲ, HKSAR ਪਾਸਪੋਰਟਸ ਅਪੀਲ ਬੋਰਡ ਅਤੇ ਸਿਵਿਲ ਸੈਲੀਬ੍ਰੈਂਟ ਆਫ ਮੈਰੇਜਿਸ ਅਪੋਇੰਟਮੈਂਟ ਅਪੀਲ ਬੋਰਡ ਵਿਸ਼ੇਸ਼ ਨਿਯਮਾਂ ਦੇ ਤਹਿਤ ਕੀਤੀਆਂ ਗਈਆਂ ਅਪੀਲਾਂ ਦੇ ਨਾਲ ਡੀਲ ਕਰਦੇ ਹਨ। ਅਪੀਲਾਂ ਦੇ ਨਾਲ ਡੀਲ ਕਰਨ ਦੇ ਲਈ ਸੁਣਵਾਈਆਂ ਜਾਂ ਮੀਟਿੰਗਾਂ ਦੀ ਵਿਵਸਥਾ ਕੀਤੀ ਜਾਏਗੀ। |
| ਮੌਜੂਦਾ ਉਪਾਅ | ● | 4 ਟ੍ਰਬਿਊਨਲਜ਼/ਬੋਰਡ ਆਪਣੀਆਂ ਸੇਵਾਵਾਂ ਦੇ ਪ੍ਰਾਵਧਾਨ ਵਿੱਚ ਚੀਨੀ ਅਤੇ/ਜਾਂ ਅੰਗ੍ਰੇਜ਼ੀ ਭਾਸ਼ਾ ਦੀ ਵਰਤੋਂ ਕਰਦੇ ਹਨ |
| | ● | 4 ਟ੍ਰਬਿਊਨਲਜ਼/ਬੋਰਡ ਬੇਨਤੀ ਕਰਨ ‘ਤੇ ਸੁਣਵਾਈ ਦੇ ਦੌਰਾਨ ਅਨੁਵਾਦ ਸੇਵਾਵਾਂ ਮੁਹੱਈਆ ਕਰਦੇ ਹਨ। |
| ਭਵਿੱਖ ਦੇ ਕਾਰਜ ਦਾ ਮੁਲਾਂਕਣ | ● | 4 ਟ੍ਰਬਿਊਨਲਜ਼/ਬੋਰਡ ਸਮੇਂ-ਸਮੇਂ ‘ਤੇ ਆਪਣੀ ਸੇਵਾਵਾਂ ਦੀ ਸਮੀਖਿਆ ਕਰਨਗੇ ਅਤੇ ਜ਼ਰੂਰੀ ਹੋਣ ‘ਤੇ ਸੁਧਾਰ ਕਰਨਗੇ। |
| | ● | 4 ਟ੍ਰਬਿਊਨਲਜ਼/ਬੋਰਡ ਸਵੈ-ਇੱਛਤ ਅਤੇ ਗੁਪਤ ਅਧਾਰ ‘ਤੇ ਅਨੁਵਾਦ ਸੇਵਾਵਾਂ ਦੇ ਚਾਹਵਾਨ ਸੇਵਾ ਉਪਯੋਗਕਰਤਾਵਾਂ ਦੇ ਬਾਰੇ ਡੇਟਾ ਇਕੱਠਾ ਕਰਨਗੇ। |

*<u>ਗੈਰ-ਰੀਫਾਊਲੇਮੈਂਟ ਦਾਅਵੇਦਾਰਾਂ ਦੇ ਲਈ ਸਰਕਾਰ ਵੱਲੋਂ ਫੰਡ ਕੀਤੀ ਗਈ ਕਨੂੰਨੀ ਸਹਾਇਤਾ ਦੇ ਪ੍ਰਾਵਧਾਨ ਦੇ ਲਈ ਪਾਇਲਟ ਸਕੀਮ ਦਾ ਦਫਤਰ (PSO)</u>*

| | |
|---|---|
| ਸੰਬੰਧਤ ਸੇਵਾਵਾਂ | • ਦਫਤਰ ਇਮੀਗ੍ਰੇਸ਼ਨ ਵਿਭਾਗ ਵੱਲੋਂ ਰੈਫਰ ਕੀਤੇ ਗਏ ਗੈਰ-ਰੀਫਾਊਲੇਮੈਂਟ ਦਾਅਵੇਦਾਰਾਂ ਦੇ ਲਈ ਸਰਕਾਰ ਵੱਲੋਂ ਫੰਡ ਕੀਤੀ ਗਈ ਕਨੂੰਨੀ ਸਹਾਇਤਾ ਮੁਹੱਈਆ ਕਰਦਾ ਹੈ। |
| ਮੌਜੂਦਾ ਉਪਾ | • ਦਫਤਰ ਗੈਰ-ਰੀਫਾਊਲੇਮੈਂਟ ਦਾਅਵੇਦਾਰਾਂ ਦੇ ਲਈ ਕਨੂੰਨੀ ਸਹਾਇਤਾ ਦੇ ਵਕੀਲਾਂ ਦੇ ਪ੍ਰਾਵਧਾਨ ਦੀ ਸੁਵਿਧਾ ਕਰਨ ਦੇ ਲਈ ਕਈ ਭਾਸ਼ਾਵਾਂ ਵਿੱਚ ਦੁਭਾਸ਼ੀਆ ਅਤੇ / ਜਾਂ ਅਨੁਵਾਦ ਸੇਵਾਵਾਂ ਦੇ ਲਈ ਵਿਵਸਥਾਵਾਂ ਕਰਦਾ ਹੈ। |
| | • ਦਫਤਰ ਵੱਖ-ਵੱਖ ਭਾਸ਼ਾਵਾਂ ਵਿੱਚ ਜਾਣਕਾਰੀ ਪ੍ਰਦਾਨ ਕਰਦਾ ਹੈ ਹੇਠ ਦਿੱਤੀ ਸੇਵਾ 'ਤੇ ਦਾਅਵੇਦਾਰਾਂ ਨੂੰ ਸ਼ੀਟ ਸਕੀਮ। |
| | • ਦਫਤਰ ਵੱਖ-ਵੱਖ ਭਾਸ਼ਾਵਾਂ ਵਿੱਚ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦਾ ਹੈ ਦਾਅਵੇਦਾਰਾਂ ਨੂੰ ਦਫਤਰ ਜਾਣ ਦੀ ਸਹੂਲਤ ਦੇਣ ਲਈ ਗਾਈਡ। |
| ਭਵਿੱਖ ਦੇ ਕਾਰਜ ਦਾ ਮੁਲਾਂਕਣ | • ਦਫਤਰ ਜ਼ਰੂਰਤ ਹੋਣ 'ਤੇ ਅੱਗੇ ਸੁਧਾਰ ਦੇ ਲਈ ਮੌਜੂਦਾ ਉਪਾਵਾਂ ਦੀ ਸੰਭਾਲ ਅਤੇ ਸਮੀਖਿਆ ਕਰੇਗਾ। |
| ਲਿੱਤੇ ਗਏ/ਲਿੱਤੇ ਜਾਣ ਵਾਲੇ ਵਾਧੂ ਉਪਾਅ | • ਦਫ਼ਤਰ ਦਾਅਵੇਦਾਰਾਂ ਲਈ ਸੂਚਨਾ ਸ਼ੀਟ ਅਤੇ ਲੋੜ ਅਨੁਸਾਰ ਦਿਸ਼ਾ ਨਿਰਦੇਸ਼ਕ ਨੂੰ ਅੱਪਡੇਟ ਕਰੇਗਾ। |

<u>ਸੁਰੱਖਿਆ ਅਤੇ ਰੱਖਿਆ ਸੇਵਾਵਾਂ ਉਦਯੋਗ ਆਥੋਰਿਟੀ *(SGSIA)*</u>

| | |
|---|---|
| ਸੰਬੰਧਤ ਸੇਵਾਵਾਂ | ● ਇਹ ਆਥੋਰਿਟੀ ਸੁਰੱਖਿਆ ਅਤੇ ਰੱਖਿਆ ਸੇਵਾਵਾਂ (SGSO) (ਅਧਿਆਏ 460) ਦੇ ਅਨੁਸਾਰ ਸੁਰੱਖਿਆ ਕੰਪਨੀ ਲਾਈਸੈਂਸ (SCL) ਦੇ ਲਈ ਆਵੇਦਨਾਂ 'ਤੇ ਵਿਚਾਰ ਕਰਦਾ ਹੈ ਅਤੇ ਇਹਨਾਂ ਨੂੰ ਨਿਰਧਾਰਤ ਕਰਦੀ ਹੈ। |
| | ● ਇਹ ਆਥੋਰਿਟੀ SGSO ਦੇ ਅਧੀਨ ਸੁਰੱਖਿਆ ਕਰਮਚਾਰੀ ਪਰਮਿਟ ਦਾ ਖੰਡਨ ਕਰਨ ਜਾਂ ਰੱਦ ਕਰਨ ਦੇ ਲਈ ਪੁਲਿਸ ਕਮਿਸ਼ਨਰ ਤੋਂ ਆਵੇਦਨਾਂ 'ਤੇ ਵਿਚਾਰ ਕਰਨ ਅਤੇ ਇਹਨਾਂ ਨੂੰ ਨਿਰਧਾਰਤ ਕਰਨ ਦੇ ਲਈ ਸੁਣਵਾਈ ਦਾ ਸੰਚਾਲਨ ਕਰਦੀ ਹੈ। |
| ਮੌਜੂਦਾ ਉਪਾਅ | ● SCL ਦੇ ਲਈ ਆਵੇਦਨ ਸਿਰਫ ਕਿਸੇ ਕੰਪਨੀ ਵੱਲੋਂ ਹੀ ਕੀਤਾ ਜਾ ਸਕਦਾ ਹੈ। ਸਾਡੀ ਸੇਵਾ ਜਾਤਿ ਦੇ ਸੰਬੰਧ ਵਿੱਚ ਨਿਰਪੱਖ ਹੈ ਅਤੇ ਦੋਨੋਂ ਅੰਗ੍ਰੇਜੀ ਅਤੇ ਚੀਨੀ ਭਾਸ਼ਾ ਵਿੱਚ ਡਿਲਿਵਰ ਕੀਤੀ ਜਾਂਦੀ ਹੈ। |
| | ● ਇਹ ਆਥੋਰਿਟੀ ਜ਼ਰੂਰੀ ਹੋਣ 'ਤੇ ਘੱਟ ਸੰਖਿਆ ਦੀ ਜਾਤਿ ਦੇ ਨਾਗਰਿਕਾਂ ਦੀ ਸ਼ਾਂਤੀ ਅਤੇ ਸੁਧਾਰ ਕੇਂਦਰ (CHEER) ਦੀ ਟੈਲੀਫੋਨ ਦੁਭਾਸ਼ੀਆ ਅਤੇ ਪੁੱਛ-ਗਿੱਛ ਸੇਵਾ (TELIS) ਦੇ ਰਾਹੀਂ ਕਈ ਜਾਤੀਆਂ ਦੇ ਲੋਕਾਂ ਨੂੰ ਅੱਠ ਭਾਸ਼ਾਵਾਂ ਦੇ ਰਾਹੀਂ ਮੁਫਤ ਦੁਭਾਸ਼ੀਆ ਸੇਵਾ ਮੁਹੱਈਆ ਕਰੇਗੀ। |
| | ● ਸੁਣਵਾਈ ਦੇ ਦੌਰਾਨ, ਉਹਨਾਂ ਜਵਾਬਕਰਤਾਵਾਂ ਨੂੰ ਅਨੁਵਾਦ ਸੇਵਾਵਾਂ ਮੁਹੱਈਆ ਕੀਤੀ ਜਾਂਦੀ ਹੈ ਜੋ ਨਾ ਹੀ ਚੀਨੀ ਅਤੇ ਨਾ ਹੀ ਅੰਗ੍ਰੇਜੀ ਭਾਸ਼ਾ ਵਿੱਚ ਗੱਲ੍ਹ-ਬਾਤ ਕਰ ਸਕਦੇ ਹਨ। |
| ਭਵਿੱਖ ਦੇ ਕਾਰਜ ਦਾ ਮੁਲਾਂਕਣ | ● ਇਹ ਆਥੋਰਿਟੀ ਕਈ ਜਾਤੀਆਂ ਦੇ ਲੋਕਾਂ ਦੀ ਜ਼ਰੂਰਤ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਉਹਨਾਂ ਵੱਲੋਂ ਅਨੁਵਾਦ ਸੇਵਾ ਦੀ ਵਰਤੋਂ 'ਤੇ ਅੰਕੜੇ ਇਕੱਠਾ ਕਰੇਗੀ ਅਤੇ ਜਦੋਂ ਵੀ ਲੋੜ ਹੋਵੇਗੀ, ਸਾਡੀ ਪਬਲਿਕ ਸੇਵਾਵਾਂ ਦੇ ਲਈ ਉਹਨਾਂ ਦੀ ਸਹਾਇਤਾ ਕਰਨ ਵਿੱਚ ਮੌਜੂਦ ਉਪਾਵਾਂ ਦੇ ਅਸਰ ਦੀ ਸਮੀਖਿਆ ਕਰੇਗੀ। |

*ਲੰਬੀ-ਅਵਧੀ ਦੀ ਕਾਰਾਗਾਰ ਸਜਾਵਾਂ ਦਾ ਸਮੀਖਿਆ ਬੋਰਡ, ਰਿਲੀਜ਼ ਅੰਡਰ ਨਿਗਰਾਨੀ ਬੋਰਡ ਅਤੇ ਰਿਲੀਜ਼ ਦੇ ਬਾਅਦ ਦਾ ਨਿਗਰਾਨੀ ਬੋਰਡ*

| | | |
|---|---|---|
| ਸੰਬੰਧਤ ਸੇਵਾਵਾਂ | ● | ਲੰਬੀ-ਅਵਧੀ ਦੀ ਕਾਰਾਗਾਰ ਸਜਾਵਾਂ ਦਾ ਸਮੀਖਿਆ ਬੋਰਡ, ਰਿਲੀਜ਼ ਦੇ ਬਾਅਦ ਦਾ ਨਿਗਰਾਨੀ ਬੋਰਡ ਅਤੇ ਰਿਲੀਜ਼ ਅੰਡਰ ਨਿਗਰਾਨੀ ਬੋਰਡ ਸਿਲਸਿਲੇਵਾਰ ਲੰਬੀ-ਅਵਧੀ ਦੀ ਕਾਰਾਗਾਰ ਸਜਾਵਾਂ ਦੇ ਸਮੀਖਿਆ ਆਰਡੀਨੈਂਸ (ਅਧਿਆਏ 524), ਰਿਲੀਜ਼ ਦੇ ਬਾਅਦ ਕਾਰਾਗਾਰ-ਵਾਸੀਆਂ ਦੀ ਨਿਗਰਾਨੀ ਦਾ ਆਰਡੀਨੈਂਸ (ਅਧਿਆਏ 475) ਅਤੇ ਕਾਰਾਗਾਰ-ਵਾਸੀਆਂ (ਰਿਲੀਜ਼ ਅੰਡਰ ਨਿਗਰਾਨੀ) ਆਰਡੀਨੈਂਸ (ਅਧਿਆਏ 325) ਦੇ ਵੱਲੋਂ ਨਿਰਧਾਰਤ ਆਪਣੇ ਸੰਵੈਧਾਨਿਕ ਕਾਰਜ ਕਰਦੇ ਹਨ। |
| ਮੌਜੂਦਾ ਉਪਾਅ | ● | ਕਿਉਂਕਿ ਤਿੰਨ ਬੋਰਡਾਂ ਅਤੇ ਕਸਟਡੀ ਦੇ ਅਧੀਨ ਲੋਕਾਂ ਦੇ ਵਿਚਕਾਰ ਜਿਆਦਾਤਰ ਗੱਲ-ਬਾਤ ਸੁਧਾਰਾਤਮਕ ਸੇਵਾਵਾਂ ਵਿਭਾਗ (CSD) ਦੇ ਰਾਹੀਂ ਹੁੰਦੀ ਹੈ, ਇਸਲਈ ਬੋਰਡ ਸਚਿਵ ਦਫਤਰ ਇਸ ਗੱਲ ਨੂੰ ਯਕੀਨੀ ਕਰਨ ਦੇ ਲਈ ਕਰੀਬੀ ਤੌਰ ‘ਤੇ CSD ਦੇ ਨਾਲ ਕੰਮ ਕਰ ਰਹੇ ਹਨ ਕਿ ਕਸਟਡੀ ਦੇ ਅਧੀਨ ਲੋਕ ਇਹਨਾਂ ਤਿੰਨ ਬੋਰਡਾਂ ਵੱਲੋਂ ਜਾਰੀ ਕੀਤੇ ਗਏ ਪੱਤਰ-ਵਿਹਾਰ ਦੇ ਵਿਸ਼ੇ-ਵਸਤੂ ਨੂੰ ਸਮਝਦੇ ਹਨ। ਇਸ ਤੋਂ ਇਲਾਵਾ, ਬੋਰਡ ਦੇ ਸਚਿਵ ਦਫਤਰ ਵੱਲੋਂ ਪ੍ਰਾਪਤ ਹੋਏ ਵਿਦੇਸ਼ੀ ਭਾਸ਼ਾਵਾਂ ਵਿੱਚ ਲਿਖਤ ਪ੍ਰਕਾਸ਼ਨ ਅੱਗੇ ਦੀ ਸੰਭਾਲ ਦੇ ਲਈ ਵਰਤਮਾਨ ਵਿੱਚ ਜਾਂ ਤਾਂ ਚੀਨੀ ਜਾਂ ਅੰਗ੍ਰੇਜ਼ੀ ਭਾਸ਼ਾ ਵਿੱਚ ਅਨੁਵਾਦ ਕੀਤੇ ਗਏ ਹਨ। |
| ਭਵਿੱਖ ਦੇ ਕਾਰਜ ਦਾ ਮੁਲਾਂਕਣ | ● | ਬੋਰਡ ਸਚਿਵ ਦਫਤਰ ਸਮੇਂ-ਸਮੇਂ ‘ਤੇ ਕਸਟਡੀ ਦੇ ਅਧੀਨ ਲੋਕਾਂ ਦੇ ਨਾਲ ਸਾਡੀ ਗੱਲ-ਬਾਤ ਦੇ ਅਸਰ ਦਾ ਮੁਲਾਂਕਣ ਕਰਨ ਦੇ ਲਈ CSD ਦੇ ਨਾਲ ਮਿਲ ਕੇ ਕੰਮ ਕਰੇਗਾ ਅਤੇ ਗੱਲ-ਬਾਤ ਵਿੱਚ ਸੰਭਾਵਤ ਅਤੇ ਮੁਮਕਿਨ ਸੁਧਾਰ ਦੀ ਖੋਜ ਕਰੇਗਾ। |

*ਹੌਂਗ ਕੌਂਸ ਜੌਕੀ ਕਲੱਬ ਡ੍ਰੱਗ ਜਾਣਕਾਰੀ ਕਦਰ*

| | |
|---|---|
| ਸੰਬੰਧਿਤ ਸੇਵਾਵਾਂ | • ਹੌਂਗ ਕੌਂਸ ਜੌਕੀ ਕਲੱਬ ਡ੍ਰੱਗ ਜਾਣਕਾਰੀ ਕਦਰ (DIC) ਹਾਂਗਕਾਂਗ ਵਿੱਚ ਨਸ਼ੀਲੀਆਂ ਦਵਾਈਆਂ ਦੀ ਰੋਕਥਾਮ ਦੀ ਸਿੱਖਿਆ ਅਤੇ ਪ੍ਰਚਾਰ ਨੂੰ ਵਧਾਉਣ ਵਾਸਤੇ ਵਿਦਿਅਕ ਇੰਟਰੈਕਟਿਵ ਪ੍ਰਦਰਸ਼ਨੀਆਂ ਅਤੇ ਵੱਖ-ਵੱਖ ਸਰਗਰਮੀਆਂ ਦੀ ਮੇਜਵਾਨੀ ਕਰਕੇ ਨਸ਼ੀਲੀਆਂ ਦਵਾਈਆਂ ਦੇ ਵਿਰੋਧੀ ਸਰਗਰਮੀਆਂ ਦੇ ਕੇਂਦਰ ਅਤੇ ਕੇਂਦਰ ਬਿੰਦੂ ਵਜੋਂ ਕੰਮ ਕਰਦਾ ਹੈ। |
| ਮੌਜੂਦਾ ਉਪਾਅ | • ਸਥਾਈ ਪ੍ਰਦਰਸ਼ਨੀ, ਨਿਰਦੇਸ਼ਿਤ ਸਮੂਹ ਸੈਰ-ਸਪਾਟਾ ਅਤੇ ਇੰਟਰੈਕਟਿਵ ਥਿਏਟਰ ਦਾ ਪ੍ਰੋਗਰਾਮ ਚੀਨੀ ਅਤੇ ਅੰਗ੍ਰੇਜ਼ੀ ਦੋਵਾਂ ਵਿੱਚ ਦਿੱਤਾ ਜਾਂਦਾ ਹੈ। ਬੇਨਤੀ ਕਰਨ 'ਤੇ, DIC ਨਸਲੀ ਘੱਟ-ਗਿਣਤੀ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਕੁਝ ਭਾਸ਼ਾਵਾਂ (ਜਿਵੇਂ ਉਰਦੂ) ਵਿੱਚ ਨਿਰਦੇਸ਼ਿਤ ਸੈਰ-ਸਪਾਟਾ ਵੀ ਪ੍ਰਦਾਨ ਕਰੇਗਾ। ਕੁਝ ਨਸ਼ੀਲੀਆਂ ਦਵਾਈਆਂ ਦੀ ਵਿਰੋਧੀ ਪ੍ਰਚਾਰ ਸਮੱਗਰੀ ਵੱਖ-ਵੱਖ ਨਸਲੀ ਭਾਸ਼ਾਵਾਂ ਵਿੱਚ ਵੀ ਉਪਲਬਧ ਹੋਵੇਗੀ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • ਅਸੀਂ ਮੌਜੂਦਾ ਉਪਾਵਾਂ ਨੂੰ ਲਾਗੂ ਕਰਨਾ ਜਾਰੀ ਰੱਖਾਂਗੇ ਅਤੇ ਨਸਲ ਦੇ ਸੰਬੰਧ ਵਿੱਚ ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਪ੍ਰਾਪਤ ਟਿੱਪਣੀਆਂ ਦੇ ਮੱਦੇਨਜ਼ਰ ਸਮੇਂ ਸਮੇਂ ਤੇ ਸਾਡੀ ਸੇਵਾ ਸਪੁਰਦਗੀ ਦਾ ਮੁਲਾਂਕਣ ਕਰਾਂਗੇ। |
| ਕੀਤੇ ਗਏ/ਕੀਤੇ ਜਾਣ ਵਾਲੇ ਵਧੀਕ ਉਪਾਅ | • ਬਹਾਸਾ ਇੰਡੋਨੇਸ਼ੀਆ, ਹਿੰਦੀ, ਉਰਦੂ, ਨੇਪਾਲੀ, ਥਾਈ ਅਤੇ ਤਾਗਾਲੋਗ ਸਮੇਤ ਭਾਸ਼ਾਵਾਂ ਵਿੱਚ ਪ੍ਰਦਰਸ਼ਿਤ ਸਮੱਗਰੀ 2024 ਵਿੱਚ ਗੈਰ-ਚੀਨੀ ਬੋਲਣ ਵਾਲੇ ਸਮੂਹਾਂ ਲਈ DIC ਦੀ ਪਹੁੰਚ ਵਿੱਚ ਵਾਧਾ ਕਰਨ ਲਈ ਪ੍ਰਦਾਨ ਕੀਤੀ ਜਾਵੇਗੀ। ਦਰਸ਼ਕਾਂ ਨੂੰ ਇਨ੍ਹਾਂ ਭਾਸ਼ਾਵਾਂ ਤੱਕ ਤੁਰੰਤ ਪਹੁੰਚ ਪ੍ਰਦਾਨ ਕਰਨ ਲਈ QR ਕੋਡ DIC ਵਿੱਚ ਪ੍ਰਦਰਸ਼ਿਤ ਕੀਤੇ ਜਾਣਗੇ। |